# ਪੰਜਾਬੀ—104

## XII (ਬਾਰ੍ਹਵੀਂ)

# ਨਮੂਨੇ ਦਾ ਪ੍ਰਸ਼ਨ-ਪੱਤਰ

## (ਮਾਰਚ-ਅਪ੍ਰੈਲ 2025-26)

**Time Allowed 3 Hrs** | **M.M. 80**

**ਸਮਾਂ ਤਿੰਨ ਘੰਟੇ** | **ਕੁੱਲ ਅੰਕ 80**

### *ਆਮ ਨਿਰਦੇਸ਼*

**ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :**

* **ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਦਿੱਤੀ ਗਈ ਅੰਦਰੂਨੀ ਚੋਣ ਨੂੰ ਧਿਆਨ ਨਾਲ਼ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।**
* **ਸਾਫ਼ ਅਤੇ ਸ਼ੁੱਧ ਲਿਖਿਆ ਜਾਵੇ।**
* **ਸਹੀ ਪ੍ਰਸ਼ਨ ਨੰਬਰ ਲਿਖ ਕੇ ਉੱਤਰਾਂ ਨੂੰ ਧਿਆਨ ਨਾਲ਼ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।**

### ਭਾਗ-1: ਪੜ੍ਹਨ ਕੌਸ਼ਲ (Part-I: Reading Skill) 8+8+7=23

1. ਹੇਠ ਲਿਖੇ ਵਾਰਤਕ ਪੈਰੇ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦੇ ਹੇਠਾਂ ਪੁੱਛੇ ਗਏ **ਬਹੁ-ਵਿਕਲਪੀ ਪ੍ਰਸ਼ਨਾਂ** ਦੇ ਉੱਤਰ ਉਹਨਾਂ ਵਿੱਚੋਂ ਚੁਣ ਕੇ ਲਿਖੋ : (8x1=8)

ਖੇਡਾਂ ਪੰਜਾਬੀਆਂ ਦਾ ਮਨ ਭਾਉਂਦਾ ਸ਼ੌਕ ਹਨ। ਜਿਥੇ ਪੰਜਾਬੀਆਂ ਨੇ ਯੁੱਧ ਦੇ ਮੈਦਾਨ ਵਿੱਚ ਆਪਣੀ ਤਾਕਤ ਦੇ ਜੌਹਰ ਵਿਖਾਏ ਹਨ, ਉੱਥੇ ਉਨ੍ਹਾਂ ਨੇ ਵੰਨ-ਸਵੰਨੀਆਂ ਖੇਡਾਂ ਵਿੱਚ ਆਪਣੇ ਸਰੀਰ ਕਮਾ ਕੇ ਦੁਨੀਆਂ ਵਿੱਚ ਆਪਣੀ ਤਾਕਤ ਦਾ ਲੋਹਾ ਮਨਵਾਇਆ ਹੈ। ਪੰਜਾਬ ਦੀਆਂ ਲੋਕ ਖੇਡਾਂ ਦਾ ਪਿਛੋਕੜ ਫੋਲੀਏ ਤਾਂ ਅਨੇਕਾਂ ਖੇਡਾਂ ਅਜਿਹੀਆਂ ਵੀ ਹਨ, ਜਿਹੜੀਆਂ ਸਾਡੇ ਜੀਵਨ ਦਾ ਅਹਿਮ ਅੰਗ ਰਹੀਆਂ ਹਨ, ਜਿਵੇਂ ਵੱਡਿਆਂ ਦੀਆਂ ਖੇਡਾਂ ਪ੍ਰਚਲਿਤ ਰਹੀਆਂ ਹਨ, ਉਵੇਂ ਹੀ ਬਾਲਾਂ ਦੀਆਂ ਆਪਣੀਆਂ ਖੇਡਾਂ ਪ੍ਰਸਿੱਧ ਹਨ ਜਿਨ੍ਹਾਂ ਨੂੰ ਖੇਡ ਕੇ ਉਹ ਆਪਣਾ ਮਨੋਰੰਜਨ ਕਰਦੇ ਆ ਰਹੇ ਹਨ। ਪੀਲ਼ ਪਲਾਂਘੜਾ ਨਿਰੋਲ ਪੇਂਡੂ ਬੱਚਿਆਂ ਦੀ ਖੇਡ ਹੈ। ਇਸ ਖੇਡ ਨੂੰ 'ਡੰਡਾ-ਡੁੱਕ', 'ਡੰਡ ਪਲਾਂਘੜਾ' ਜਾਂ 'ਜੜ-ਖੜੰਗ' ਵੀ ਕਿਹਾ ਜਾਂਦਾ ਹੈ। ਇਹ ਖੇਡ 'ਛੂਹ-ਛੁਹਾਈ' ਅਤੇ 'ਜੰਡ ਖੜੰਗ' ਖੇਡਾਂ ਨਾਲ਼ ਕਾਫ਼ੀ ਹੱਦ ਤੱਕ ਮਿਲਦੀ-ਜੁਲਦੀ ਹੈ। ਇਹ ਖੇਡ ਗਰਮੀ ਰੁੱਤੇ ਖੇਡੀ ਜਾਣ ਵਾਲ਼ੀ ਖੇਡ ਹੈ। ਇਸ ਖੇਡ ਨੂੰ ਆਮ ਤੌਰ ਉੱਤੇ ਛੇ ਤੋਂ ਦਸ ਕੁ ਸਾਲ ਦੇ ਬੱਚੇ ਮਿਲ ਕੇ ਖੇਡਦੇ ਹਨ। ਇਸ ਰੌਚਕ ਖੇਡ ਦਾ ਆਨੰਦ ਮਾਣਦੇ ਬੱਚੇ ਅੱਜ ਵੀ ਪਿੰਡਾਂ ਵਿੱਚ ਦੇਖੇ ਜਾ ਸਕਦੇ ਹਨ।

**(i) ਪੰਜਾਬੀਆਂ ਨੇ ਪੂਰੀ ਦੁਨੀਆਂ ਵਿੱਚ ਆਪਣੀ ਤਾਕਤ ਦਾ ਲੋਹਾ ਕਿਵੇਂ ਮਨਵਾਇਆ ਹੈ?**

(A) ਯੁੱਧ ਕਰਕੇ (B) ਖੇਡਾਂ ਖੇਡ ਕੇ

(C) ਮਨੋਰੰਜਨ ਕਰਕੇ (D) ਪੜ੍ਹਾਈ ਕਰਕੇ

**(ii) ਪੀਲ਼-ਪਲਾਂਘੜਾ ਖੇਡ ਜ਼ਿਆਦਾਤਰ ਕਿੰਨ੍ਹਾਂ ਦੁਆਰਾ ਖੇਡੀ ਜਾਂਦੀ ਹੈ—**

(A) ਗੱਭਰੂਆਂ ਦੁਆਰਾ (B) ਬਜ਼ੁਰਗਾਂ ਦੁਆਰਾ

(C) ਮੁਟਿਆਰਾਂ ਦੁਆਰਾ (D) ਨਿਰੋਲ ਪੇਂਡੂ ਬੱਚਿਆਂ ਦੁਆਰਾ

**(iii) ਪੀਲ਼-ਪਲਾਂਘੜਾ ਖੇਡਾਂ ਵਧੇਰੇ ਕਰਕੇ ਕਦੋਂ ਖੇਡੀ ਜਾਂਦੀ ਹੈ—**

(**A**) ਸਰਦੀਆਂ ਵਿੱਚ (**B**) ਬਰਸਾਤ ਵਿੱਚ

(**C**) ਗਰਮੀਆਂ ਵਿੱਚ (**D**) ਸਾਰੇ ਮੌਸਮਾਂ ਵਿੱਚ

**(iv) ਪੀਲ਼-ਪਲਾਂਘੜਾ ਨੂੰ ਹੋਰ ਕਿਹੜਾ ਨਾਂ ਦਿੱਤਾ ਗਿਆ ਹੈ?**

(**A**) ਡੱਡ ਪਲਾਂਘੜਾ (**B**) ਜੰਡ ਖਡੰਗ

(**C**) ਡੰਡਾ-ਡੁੱਕ (**D**) ਉਪਰੋਕਤ ਸਾਰੇ

**(v) ਪੀਲ਼-ਪਲਾਂਘੜਾ ਖੇਡ ਕਿਹੜੀ ਖੇਡ ਨਾਲ ਕਾਫੀ ਹੱਦ ਤੱਕ ਮਿਲਦੀ-ਜੁਲਦੀ ਹੈ—**

(**A**) ਜੰਡ ਖਡੰਗ (**B**) ਛੂਹ-ਛੁਹਾਈ ਨਾਲ

(**C**) ਖੋ-ਖੋ ਨਾਲ (**D**) (A) ਅਤੇ (B)

**(vi) ਪੀਲ਼-ਪਲਾਂਘੜਾ ਕਿੰਨੀ ਉਮਰ ਦੇ ਬੱਚੇ ਮਿਲ ਕੇ ਖੇਡਦੇ ਹਨ?**

(**A**) 5 ਤੋਂ 7 (**B**) 4 ਤੋਂ 5

(**C**) 6 ਤੋਂ 10 (**D**) 2 ਤੋਂ 3

**(vii) ਪੰਜਾਬੀਆਂ ਦਾ ਮਨ-ਭਾਉਂਦਾ ਸ਼ੌਕ ਕੀ ਹੈ?**

(**A**) ਗੀਤ ਗਾਉਣਾ (**B**) ਨੱਚਣਾ

(**C**) ਪੜ੍ਹਨਾ (**D**) ਖੇਡਣਾ

**(viii) 'ਗੱਭਰੂ' ਦਾ ਕੀ ਅਰਥ ਹੈ—**

(**A**) ਬੱਚਾ (**B**) ਜਵਾਨ

(**C**) ਔਰਤ (**D**) ਬੁੱਢਾ

## ਭਾਗ-2: ਪ੍ਰਭਾਵਸ਼ਾਲੀ ਲਿਖਣ-ਕੌਸ਼ਲ (Part-II: Writing Skill) 8+7=15

2. ਤੁਸੀਂ ਪੜ੍ਹੇ-ਲਿਖੇ ਨੌਜਵਾਨ ਹੋ। ਭਾਰਤੀ ਜੀਵਨ ਬੀਮਾ ਨਿਗਮ ਨੂੰ ਆਪਣੇ ਯੋਗਤਾ ਦੱਸਦੇ ਹੋਏ ਬੀਮਾ-ਏਜੰਟ ਬਣਨ ਲਈ ਪੱਤਰ ਲਿਖੋ। 8

**ਜਾਂ**

ਲੱਕੀ ਜਰਨਲ ਸਟੋਰ,ਜਲੰਧਰ ਵੱਲੋਂ ਮੈਸਜ਼ ਪ੍ਰੀਮੀਅਰ ਵੂਲ ਕੰਪਨੀ, ਦਿੱਲੀ ਨੂੰ ਇੱਕ ਪੱਤਰ ਲਿਖੋ ਜਿਸ ਵਿੱਚ ਦੱਸੋ ਕਿ ਆਰਡਰ ਕੀਤਾ ਮਾਲ ਜਲੰਧਰ ਸਮੇਂ ਸਿਰ ਨਹੀਂ ਪਹੁੰਚਿਆ ਹੈ।

3. **ਕਿਸੇ ਇੱਕ** ਵਿਸ਼ੇ 'ਤੇ 125 ਤੋਂ 150 ਸ਼ਬਦਾਂ ਵਿੱਚ ਪੈਰਾ-ਰਚਨਾ ਕਰੋ। **7**

ਇਸਤਰੀਆਂ ਵਿੱਚ ਅਸੁਰੱਖਿਆ ਦੀ ਭਾਵਨਾ

**ਜਾਂ**

ਵਿਦਿਆਰਥੀ ਅਤੇ ਮੋਬਾਈਲ ਫ਼ੋਨ

## ਭਾਗ-3: ਵਿਹਾਰਕ ਵਿਆਕਰਨ (Part-III: Grammar) 3+10=13

4. **ਵਾਕ-ਵਟਾਂਦਰਾ**

ਹੇਠ ਲਿਖੇ ਵਾਕਾਂ ਵਿੱਚੋਂ **ਕਿਸੇ ਤਿੰਨ** ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਵਾਕ-ਵਟਾਂਦਰਾ ਕਰੋ। (3X1)3

(i) ਮੈਂ ਨਵਾਂ ਸਕੂਟਰ ਖ਼ਰੀਦਣਾ ਚਾਹੁੰਦਾ ਹਾਂ। (**ਮਿਸ਼ਰਿਤ ਵਾਕ ਬਣਾਓ**)

(ii) ਸਿਰਫ ਮਾਂ ਹੀ ਬੱਚੇ ਨੂੰ ਪਾਲ ਸਕਦੀ ਹੈ। (**ਨਾਂਹ-ਵਾਚਕ ਵਾਕ ਬਣਾਓ**)

(iii) ਜਦੋਂ ਮੈਂ ਸਕੂਲ ਪਹੁੰਚਿਆ ਤਾਂ ਘੰਟੀ ਵੱਜ ਗਈ। (**ਸੰਜੁਗਤ ਵਾਕ ਬਣਾਓ**)

(iv) ਚਾਹ ਬਲਜੀਤ ਦੁਆਰਾ ਪੀਤੀ ਗਈ। (**ਕਰਤਰੀ ਵਾਕ ਬਣਾਓ**)

5. **ਅਖਾਣ/ਅਖਾਉਤਾਂ**

ਹੇਠ ਦਿੱਤੇ ਗਏ ਅਖਾਣਾਂ ਵਿੱਚੋਂ **ਕਿਸੇ ਪੰਜ** ਅਖਾਣਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਉਹਨਾਂ ਦੀ ਸਥਿਤੀ ਸਪਸ਼ਟ ਹੋ ਜਾਵੇ– (5X2)10

(i) ਇਕ ਦਰ ਬੰਦ ਸੌ ਦਰ ਖੁੱਲ੍ਹਾ

(ii) ਵਿੱਦਿਆ ਵਿਚਾਰੀ ਤਾਂ ਪਰਉਪਕਾਰੀ

(iii) ਢਿੱਡ ਭਰਿਆ ਕੰਮ ਸਰਿਆ

(iv) ਕੋਹ ਨ ਚਲੀ ਬਾਬਾ ਤਿਹਾਈ

(v) ਬਹਿ ਕੇ ਖਾਦਿਆਂ ਤਾਂ ਖੂਹ ਵੀ ਨਿਖੁੱਟ ਜਾਂਦੇ ਹਨ

(vi) ਆਪੇ ਫਾਥੜੀਏ ਤੈਨੂੰ ਕੌਣ ਛੁਡਾਏ

## ਸਾਹਿਤ 4 : (ਪਾਠ-ਪੁਸਤਕ ਆਧਾਰਿਤ ਪ੍ਰਸ਼ਨ) 8+4+6+5+8+5+8=44
## (Part-IV: Text Books based questions)

### ਕਵਿਤਾਵਾਂ ਵਿੱਚੋਂ 12

6. ਹੇਠ ਦਿੱਤੀਆਂ ਗਈਆਂ ਕਾਵਿ-ਟੁਕੜੀਆਂ ਵਿੱਚੋਂ **ਕਿਸੇ ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ–3+5=8

ਮੇਰੇ ਬੂਟੇ, ਗੱਭਰੂ ਹੋ ਜਾ, ਤੇਰੀ ਛਾਵੇ ਮੈਂ ਸੌਂ ਜਾਵਾਂ।
ਕਦੇ ਕਦੇ ਬਾਲਾਂ ਦੇ ਕੁੱਛੜ,
ਸੌਣ ਨਿਚਿੰਤ, ਨਿਕਰਮਣ ਮਾਵਾਂ।
ਮੈਂ ਆਪਣੀ ਮਾਤਾ ਦਾ ਉਹਲਾ,
ਉਸ ਦੀ ਛਾਂ ਉਸ ਦਾ ਪਰਛਾਵਾਂ।

**ਜਾਂ**

ਵੇ ਦਰਦਮੰਦਾ ਦਿਆ ਦਰਦੀਆ!
ਉੱਠ ਤੱਕ ਆਪਣਾ ਪੰਜਾਬ।
ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ।
ਕਿਸੇ ਨੇ ਪੰਜਾਂ ਪਾਣੀਆਂ ਵਿੱਚ ਦਿੱਤੀ ਜ਼ਹਿਰ ਰਲਾ।
ਤੇ ਉਹਨਾਂ ਪਾਣੀਆਂ ਧਰਤ ਨੂੰ ਦਿੱਤਾ ਪਾਣੀ ਲਾ।

7. ਹੇਠ ਲਿਖੇ **ਬਹੁ-ਵਿਕਲਪੀ** ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ— (4X1)=4

(i) **'ਗੀਤ'** ਵਿੱਚ ਭੱਠੀ ਵਾਲ਼ੀ ਨਾਲ਼ ਦੀ ਕੜਾਹੀ ਕਿਸ ਦੀ ਬਣੀ ਹੋਈ ਸੀ?

(A) ਲੋਹੇ ਦੀ (B) ਮਿੱਟੀ ਦੀ

(C) ਤਾਂਬੇ ਦੀ (D) ਅਲਮੀਨੀਅਮ ਦੀ

(ii) **'ਹੀਰਿਆਂ ਦੇ ਹਾਰ ਦੀ ਲੜੀ'** ਕਿਸ ਨਾਲ ਗੁੰਦਣ ਲਈ ਕਿਹਾ ਗਿਆ ਹੈ?

(A) ਮੋਤੀਆਂ ਨਾਲ (B) ਕਲੀਆਂ ਨਾਲ

(C) ਗੁਲਾਬਾਂ ਨਾਲ (D) ਫੁੱਲਾਂ ਨਾਲ

(iii) **'ਤਾਜ ਮਹਲ'** ਕਵਿਤਾ ਵਿੱਚ ਕਿਹੜੇ ਸਮੇਂ ਦਾ ਖ਼ੂਬਸੂਰਤ ਚਿੱਤਰ ਪੇਸ਼ ਹੈ?

(A) ਰਾਤ ਦਾ (B) ਸ਼ਾਮ ਦਾ

(C) ਸਵੇਰ ਦਾ (D) ਬਰਸਾਤ ਦਾ

(iv) **'ਕੁਦਰਤ ਦੇਵੀ'** ਸਾਨੂੰ ਕਿੱਥੇ ਨਜ਼ਰ ਆਈ ?

(A) ਪਹਾੜਾਂ ਉੱਤੇ (B) ਧਰਤੀ ਉੱਤੇ

(C) ਅਰਸ਼ਾਂ ਵਿੱਚ (D) ਦਰਿਆਵਾਂ ਦੇ ਕੰਢਿਆਂ ਉੱਤੇ

## ਕਹਾਣੀਆਂ ਵਿੱਚੋਂ 6+5+8=**19**

8. **'ਸਾਂਝ'** ਕਹਾਣੀ ਵਿਚ ਜਦੋਂ ਲਾਲ ਚੀਰੇ ਵਾਲ਼ਾ ਸਾਈਕਲ ਸਵਾਰ ਪ੍ਰੋਫੈਸਰ ਮਲ੍ਹੋਤਰਾ ਦੇ ਲਾਗੋਂ ਲੰਘ ਜਾਂਦਾ ਹੈ ਤਾਂ ਪ੍ਰੋਫੈਸਰ ਮਲ੍ਹੋਤਰਾ ਦੇ ਮਨ ਵਿੱਚ ਉਸ ਬਾਰੇ ਕੀ ਵਿਚਾਰ ਆਉਂਦੇ ਹਨ ਅਤੇ ਅਸਲ ਵਿੱਚ ਲਾਲ ਚੀਰੇ ਵਾਲ਼ਾ ਵਿਅਕਤੀ ਕਿਹੋ ਜਿਹਾ ਸੀ? 125 ਤੋਂ 150 ਸ਼ਬਦਾਂ ਵਿੱਚ ਲਿਖੋ। **6**

**ਜਾਂ**

ਤੁਹਾਡੇ ਵਿਚਾਰ ਅਨੁਸਾਰ **'ਮਾੜਾ ਬੰਦਾ'** ਕਹਾਣੀ ਵਿੱਚ ਕਿਹੜੀ ਸਮਾਜਿਕ ਸਮੱਸਿਆ ਜਾਂ ਸਥਿਤੀ ਨੂੰ ਪ੍ਰਗਟਾਇਆ ਗਿਆ ਹੈ ਉਸ ਬਾਰੇ 125 ਤੋਂ 150 ਸ਼ਬਦਾਂ ਵਿੱਚ ਆਪਣੀ ਰਾਇ ਦਿਓ।

9. ਹੇਠ ਲਿਖੇ **ਬਹੁ-ਵਿਕਲਪੀ** ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ— (5X1)=5

**(i)** ਜੀਤੋ ਦੀ ਮਾਂ ਨੇ ਜੀਤੋ ਦੇ ਪਰਾਹੁਣੇ ਦੀ ਝੋਲੀ ਵਿੱਚ ਸਲਾਮੀ ਦੇ ਕਿੰਨੇ ਰੁਪਏ ਪਾਏ?

**(A)** ਗਿਆਰਾਂ ਰੁਪਏ **(B)** ਇੱਕੀ ਰੁਪਏ

**(C)** ਇਕੱਤੀ ਰੁਪਏ **(D)** ਪੰਜ ਰੁਪਏ

**(ii)** ਪ੍ਰੋਫੈਸਰ ਨੂੰ ਕਿਸੇ ਕੋਲੋਂ ਪੈਸੇ ਮੰਗਣ ਉੱਤੇ ਕੀ ਖੁੱਸ ਜਾਣ ਦਾ ਡਰ ਸੀ?

**(A)** ਇੱਜ਼ਤ **(B)** ਸਲਾਮਾਂ

**(C)** ਅਮੀਰੀ **(D)** ਨੌਕਰੀ

**(iii)** ਕੌਣ ਇਹ ਸ਼ਿਕਾਇਤ ਕਰਦਾ ਹੈ ਕਿ ਅੱਜ-ਕੱਲ੍ਹ ਦੁੱਧ ਪਾਣੀ ਵਰਗਾ ਹੈ?

**(A)** ਲੇਖਕ **(B)** ਲੇਖਕ ਦਾ ਨੌਕਰ

**(C)** ਲੇਖਕ ਦੀ ਪਤਨੀ **(D)** ਲੇਖਕ ਦਾ ਰਸੋਈਆ

**(iv)** **'ਮਾੜਾ ਬੰਦਾ'** ਕਹਾਣੀ ਲੇਖਕ ਦੀ ਭੂਆ ਦਾ ਪੁੱਤਰ ਕਿੱਥੇ ਅਫ਼ਸਰ ਲੱਗਿਆ ਹੋਇਆ ਸੀ?

**(A)** ਖ਼ਜ਼ਾਨਾ ਦਫ਼ਤਰ **(B)** ਪ੍ਰਾਈਵੇਟ ਕੰਪਨੀ

**(C)** ਐਮ.ਸੀ.ਡੀ. **(D)** ਜੰਗਲਾਤ ਵਿਭਾਗ

**(v)** ਜੀਤੋ ਨੂੰ ਫੇਰਿਆਂ ਲਈ ਸਵੇਰੇ ਕਿੰਨੇ ਵਜੇ ਉਠਾ ਲਿਆ ਗਿਆ?

**(A)** ਤਿੰਨ ਵਜੇ **(B)** ਚਾਰ ਵਜੇ

**(C)** )ਛੇ ਵਜੇ **(D)** ਸੂਰਜ ਚੜ੍ਹਦਿਆਂ ਸਾਰ ਹੀ

**(vi)** 'ਨੀਲੀ' ਕਿੰਨੇ ਦਿਨਾਂ ਤੋਂ ਭੁੱਖੀ ਸੀ?

**(A)** ਦੋ ਦਿਨ **(B)** ਤਿੰਨ ਦਿਨ

**(C)** ਚਾਰ ਦਿਨ **(D)** ਪੰਜ ਦਿਨ

10. ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ **ਕਿਸੇ ਚਾਰ** ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਲਿਖੋ— (4X2)=8

**(i)** ਪ੍ਰੋਫੈਸਰ ਬੁੱਢੀ ਮਾਈ ਨੂੰ ਪੈਸੇ ਨਾ ਦੇ ਸਕਣ ਦੇ ਕਿਹੜੇ-ਕਿਹੜੇ ਕਾਰਨ ਸੋਚਦਾ ਹੈ?

**(ii)** ਵੱਛੀ ਦੀ ਮੌਤ ਤੋਂ ਬਾਅਦ ਨੀਲੀ ਦੇ ਪਹਿਲੀ ਵਾਰ ਲੇਖਕ ਦੇ ਘਰ ਆਉਣ ਦਾ ਵੇਰਵਾ ਦਿਓ।

**(iii)** ਲੇਖਕ ਰਿਕਸ਼ੇ ਵਾਲ਼ੇ ਕਾਰਨ ਹੋ ਰਹੀ ਚਿੰਤਾ ਨੂੰ ਕਿਸ-ਕਿਸ ਤੋਂ ਲੁਕਾਉਣਾ ਚਾਹੁੰਦਾ ਸੀ?

**(iv)** ਜੀਤੋ ਦੇ ਵਿਦਾ ਹੋਣ ਸਮੇਂ ਉਸਦੇ ਵੀਰ ਨੂੰ ਆਪਣੇ ਬਾਰੇ ਕੀ ਯਾਦ ਆਇਆ?

**(v)** ਹਾਰਮੋਨੀਅਮ ਵਾਲ਼ੇ ਗਵਈਏ ਨੇ ਸਹੁਰੇ ਜਾਣ ਵਾਲ਼ੀ ਕੁੜੀ (ਜੀਤੋ) ਦੇ ਆਉਣ ਵਾਲ਼ੇ ਸਮੇਂ ਦਾ ਦਰਦਮਈ ਚਿੱਤਰ ਕਿਵੇਂ ਖਿੱਚਿਆ?

## ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ 13

11. ਹੇਠ ਲਿਖੇ **ਬਹੁ-ਵਿਕਲਪੀ** ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ— (5X1)=5

**(i)** ਪੋਹ ਦੇ ਮਹੀਨੇ ਦੇ ਅਖੀਰਲੇ ਦਿਨ ਕਿਹੜਾ ਤਿਉਹਾਰ ਮਨਾਇਆ ਜਾਂਦਾ ਹੈ?

(A) ਹੋਲੀ (B) ਬਸੰਤ ਪੰਚਮੀ

(C) ਲੋਹੜੀ (D) ਜਨਮ ਅਸ਼ਟਮੀ

**(ii)** ਵਿਆਹ ਦਾ ਦਿਨ ਪੱਕਾ ਕਰਨ ਲਈ ਕੀ ਕਢਵਾਇਆ ਜਾਂਦਾ ਸੀ?

(A) ਤੜਾਗੀ (B) ਜਲੂਸ

(C) ਘਿਓ (D) ਸਾਹਾ

**(iii)** 'ਲੋਕ ਖੇਡਾਂ' ਪੰਜਾਬੀ ਸੰਸਕ੍ਰਿਤੀ ਤੇ ਸੱਭਿਆਚਾਰ ਦਾ ਕਿਹੜਾ ਅੰਗ ਹਨ?

(A) ਸਹਾਇਕ (B) ਬ੍ਰਹਮਚਰਜ ਦੀ

(C) ਸਾਡੇ ਜਜ਼ਬਿਆਂ ਦੀ (D) ਕੁੜਮਾਈ ਦੀ

**(iv)** ਕਿਹੜਾ ਲੋਕ-ਨਾਚ ਮੂਲ ਰੂਪ ਵਿੱਚ ਜਿੱਤ ਜਾਂ ਖੁਸ਼ੀ ਦਾ ਨਾਚ ਹੈ ?

(A) ਸੰਮੀ (B) ਝੂੰਮਰ

(C) ਲੁੱਡੀ (D) ਧਮਾਲ

**(v)** ਕਿਸ ਖੇਡ ਵਿੱਚ ਮੀਟੀ ਦੇਣ ਵਾਲ਼ਾ ਆਪਣੇ ਹੱਥੋਂ ਰੱਸੀ ਨਹੀਂ ਛੱਡ ਸਕਦਾ?

(A) ਬਾਂਦਰ ਕੀਲੇ ਵਿੱਚ (B) ਲੂਣ ਮਿਆਣੀ ਵਿੱਚ

(C) ਸ਼ੱਕਰ ਭਿੱਜੀ ਵਿੱਚ (D) ਕਬੱਡੀ ਵਿੱਚ

12. ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ **ਕਿਸੇ ਦੋ** ਪ੍ਰਸ਼ਨਾਂ ਦੇ ਉੱਤਰ 60 ਤੋਂ 70 ਸ਼ਬਦਾਂ ਵਿੱਚ ਲਿਖੋ— (2X4)=8

**(i)** ਤੁਹਾਡੇ ਅਨੁਸਾਰ 'ਲੋਕ ਖੇਡਾਂ' ਦੇ ਅਲੋਪ ਹੋਣ ਦੇ ਕੀ ਕਾਰਨ ਹਨ ਅਤੇ ਇਹਨਾਂ ਨੂੰ ਕਿਵੇਂ ਬਚਾਇਆ ਜਾ ਸਕਦਾ ਹੈ?

**(ii)** ਪੰਜਾਬ ਦੇ ਲੋਕ ਨਾਚਾਂ ਦਾ ਵਰਗੀਕਰਨ ਕਿਵੇਂ ਕੀਤਾ ਜਾ ਸਕਦਾ ਹੈ? ਇਸ ਬਾਰੇ ਆਪਣੀ ਸੂਝ ਬੂਝ ਅਨੁਸਾਰ ਲਿਖੋ।

**(iii)** ਕਿਸੇ ਪੰਜਾਬੀ ਲਈ ਮੇਲਿਆਂ ਦਾ ਕੀ ਮਹੱਤਵ ਹੋ ਸਕਦਾ ਹੈ? ਦਲੀਲਾਂ ਸਹਿਤ ਆਪਣੀ ਗੱਲ ਸਪਸ਼ਟ ਕਰੋ।